StartingBlocks.gov.au

# ਆਰੰਭਿਕ ਸਿਖਲਾਈ ਸੇਵਾਵਾਂ ਵਿੱਚ ਬਿਮਾਰੀ

**ਆਰੰਭਿਕ ਸਿੱਖਿਆ ਅਤੇ ਸੰਭਾਲ ਸੇਵਾ ਦੇ ਮਾਹੌਲ ਵਿੱਚ ਬੱਚੇ ਕਈ ਦੂਸਰੇ ਬੱਚਿਆਂ ਅਤੇ ਬਾਲਗਾਂ ਦੇ ਸੰਪਰਕ ਵਿੱਚ ਆਉਂਦੇ ਹਨ, ਜਿਸਦੇ ਨਤੀਜੇ ਵਜੋਂ ਸੰਕ੍ਰਾਮਕ ਬਿਮਾਰੀਆਂ ਫੈਲ ਸਕਦੀਆਂ ਹਨ। ਗੁਣਵੱਤਾ ਮਾਪਦੰਡਾਂ ਦੇ ਅਨੁਸਾਰ ਇਨ੍ਹਾਂ ਸੇਵਾਵਾਂ ਨੂੰ ਸੰਕ੍ਰਾਮਕ ਬਿਮਾਰੀਆਂ ਦੇ ਫੈਲਾਵ ਨੂੰ ਘਟਾਉਣ ਲਈ ਵਿਸ਼ੇਸ਼ ਰਣਨੀਤੀਆਂ ਨੂੰ ਅਮਲ ਵਿੱਚ ਲਿਆਉਣ ਦੀ ਲੋੜ ਹੁੰਦੀ ਹੈ।**

ਯਾਦ ਰੱਖੋ: ਜਿੱਥੇ ਬਿਮਾਰੀ ਦੇ ਫੈਲਾਵ ਨੂੰ ਘਟਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਂਦੀ ਹੈ, ਪਰ ਆਰੰਭਿਕ ਸਿੱਖਿਆ ਅਤੇ ਸੰਭਾਲ ਸੇਵਾਵਾਂ ਵਿੱਚ ਸਾਰੀ ਬਿਮਾਰੀਆਂ ਜਾਂ ਰੋਗ ਦੇ ਫੈਲਾਵ ਨੂੰ ਰੋਕਣਾ ਸੰਭਵ ਨਹੀਂ ਹੈ। ਇੱਕ ਸਮੇਂ 'ਤੇ ਤੁਹਾਨੂੰ ਬਿਮਾਰੀ ਕਾਰਨ ਆਪਣੇ ਬੱਚੇ ਨੂੰ ਸੇਵਾ ਤੋਂ ਦੂਰ ਰੱਖਣਾ ਪੈ ਸਕਦਾ ਹੈ।

ਪਰਿਵਾਰਾਂ ਲਈ ਇਹ ਜਾਣਨਾ ਮੁਸ਼ਕਲ ਹੋ ਸਕਦਾ ਹੈ ਕਿ ਉਨ੍ਹਾਂ ਦਾ ਬੱਚਾ ਕਦੋਂ ਇੰਨਾ ਬਿਮਾਰ ਹੁੰਦਾ ਹੈ ਕਿ ਉਸਨੂੰ ਘਰ ਵਿੱਚ ਰਹਿਣ ਦੀ ਲੋੜ ਹੁੰਦੀ ਹੈ। ਘਰ ਵਿੱਚ ਬਿਮਾਰ ਬੱਚੇ ਦੀ ਸੰਭਾਲ ਲਈ ਕੰਮ ਜਾਂ ਅਧਿਐਨ ਤੋਂ ਛੁੱਟੀ ਲੈਣਾ ਕਈ ਵਾਰ ਮੁਸ਼ਕਲ ਹੋ ਸਕਦਾ ਹੈ, ਇਸ ਲਈ ਯੋਜਨਾ ਬਣਾਉਣਾ ਅਤੇ ਸੰਭਾਲ ਵਿਕਲਪਾਂ ਬਾਰੇ ਜਾਣਨਾ ਜ਼ਰੂਰੀ ਹੁੰਦਾ ਹੈ ਜੇ ਤੁਹਾਡਾ ਬੱਚਾ ਸੇਵਾ ਵਿੱਚ ਹਾਜ਼ਰ ਹੋਣ ਲਈ ਬਹੁਤਾ ਚੰਗਾ ਮਹਿਸੂਸ ਨਹੀਂ ਕਰਦਾ ਹੈ। ਕੰਮ ਤੋਂ ਛੁੱਟੀ ਲੈਣਾ ਅਤੇ ਕੰਮ ਦੀ ਥਾਂ ਤੋਂ ਨਕਾਰਾਤਮਕ ਰਵੱਈਏ ਦਾ ਸਾਹਮਣਾ ਕਰਨਾ ਕਈ ਵਾਰ ਪਰਿਵਾਰਾਂ ਲਈ ਤਣਾਅ ਦਾ ਕਾਰਨ ਬਣ ਸਕਦਾ ਹੈ।

ਸੇਵਾਵਾਂ ਨੂੰ ਨਾ ਕੇਵਲ ਤੁਹਾਡੇ ਬੱਚੇ ਦੀ ਤੰਦਰੁਸਤੀ 'ਤੇ, ਸਗੋਂ ਦੂਸਰੇ ਬੱਚਿਆਂ ਅਤੇ ਸੇਵਾ ਦੇ ਕਰਮਚਾਰੀਆਂ ਦੀ ਤੰਦਰੁਸਤੀ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਕੁੱਝ ਵਿਕਲਪਾਂ ਅਤੇ ਇਸ ਬਾਰੇ ਪਤਾ ਲਗਾਉਣਾ ਅਤੇ ਯੋਜਨਾ ਬਣਾਉਣਾ ਵਿਸ਼ੇਸ਼ ਤੌਰ 'ਤੇ ਕੰਮਕਾਜੀ ਪਰਿਵਾਰਾਂ ਲਈ ਮੁਸ਼ਕਲਾਂ ਨੂੰ ਘਟਾ ਸਕਦਾ ਹੈ, ਕਿ ਤੁਹਾਡਾ ਪਰਿਵਾਰ ਬਿਮਾਰ ਬੱਚਿਆਂ ਦੀ ਸੰਭਾਲ ਕਿਵੇਂ ਕਰੇਗਾ। ਇਹ ਜ਼ਰੂਰੀ ਹੈ ਕਿ ਕਰਮਚਾਰੀ ਬਿਮਾਰ ਬੱਚਿਆਂ ਦੇ ਹਿੱਤ ਲਈ ਉਹਨਾਂ ਨੂੰ ਬਾਹਰ ਕਰਨ ਲਈ, ਆਪਣੀ ਸੇਵਾ ਦੀ ਨੀਤੀ ਦੀ ਪਾਲਣਾ ਕਰਨ।




## ਬੱਚੇ ਆਰੰਭਿਕ ਸਿਖਲਾਈ ਸੇਵਾ ਵਿੱਚ ਹੋਣ ਦੌਰਾਨ ਕਈ ਵਾਰ ਬੀਮਾਰ ਕਿਉਂ ਹੋ ਜਾਂਦੇ ਹਨ?

ਬੱਚੇ ਪਹਿਲੀ ਵਾਰ ਆਰੰਭਿਕ ਬਾਲ ਸੇਵਾ ਵਿੱਚ ਜਾਣ 'ਤੇ ਬਿਮਾਰੀਆਂ ਦੀ ਚਪੇਟ ਵਿੱਚ ਆ ਸਕਦੇ ਹਨ, ਕਿਉਂਕਿ ਉਹ ਆਪਣੇ ਘਰਾਂ ਦੀ ਤੁਲਣਾ ਵਿੱਚ ਜ਼ਿਆਦਾ ਲੋਕਾਂ ਦੇ ਸੰਪਰਕ ਵਿੱਚ ਆਉਂਦੇ ਹਨ ਅਤੇ ਕਈ ਸੰਕ੍ਰਮਣਾਂ ਦੇ ਸੰਪਰਕ ਵਿੱਚ ਆ ਸਕਦੇ ਹਨ, ਜਿਨ੍ਹਾਂ ਪ੍ਰਤੀ ਉਹ ਅਜੇ ਤੱਕ ਸੁਰੱਖਿਅਤ ਨਹੀਂ ਹਨ।

ਬੱਚਿਆਂ ਦੇ ਸਿਹਤਮੰਦ ਵਾਧੇ, ਸਿਖਲਾਈ ਅਤੇ ਵਿਕਾਸ ਨੂੰ ਉਤਸ਼ਾਹਤ ਕਰਨ ਲਈ, ਕਰਮਚਾਰੀ ਬੱਚਿਆਂ ਦਾ ਪਾਲਣ ਪੋਸ਼ਣ ਕਰਦੇ ਹਨ ਅਤੇ ਉਨ੍ਹਾਂ ਨੂੰ ਖੇਡਣ ਅਤੇ ਆਪਣੇ ਵਾਤਾਵਰਣ ਦਾ ਆਨੰਦ ਲੈਣ ਲਈ ਉਤਸ਼ਾਹਤ ਕਰਦੇ ਹਨ। ਖੇਡਣ, ਪਾਲਣ ਪੋਸ਼ਣ ਅਤੇ ਇਸਦਾ ਆਨੰਦ ਲੈਣ ਦੇ ਜ਼ਰੀਏ ਬਾਲ ਸੰਭਾਲ ਵਿੱਚ ਬੱਚੇ ਦੂਸਰੇ ਬੱਚਿਆਂ ਅਤੇ ਉਨ੍ਹਾਂ ਦੇ ਆਪਣੇ ਮਾਹੌਲ ਦੇ ਕਾਰਨ ਕਰੀਬੀ ਸਰੀਰਕ ਸੰਪਰਕ ਵਿੱਚ ਆਉਂਦੇ ਹਨ। ਇਸ ਲਈ ਬੱਚੇ ਦੂਸਰੇ ਬੱਚਿਆਂ, ਬਾਲਗਾਂ, ਖਿਡੌਣਿਆਂ ਅਤੇ ਤਲਾਂ ਜਾਂ ਖੰਘ ਜਾਂ ਛਿੱਕ ਰਾਹੀਂ ਹਵਾ ਵਿੱਚ ਫੈਲਣ ਵਾਲੀ ਬਿਮਾਰੀਆਂ ਦੇ ਸੰਪਰਕ ਵਿੱਚ ਆ ਕੇ ਬੀਮਾਰ ਹੋ ਸਕਦੇ ਹਨ।

## ਮੇਰੇ ਬੱਚੇ ਨੂੰ ਬਿਮਾਰ ਹੋਣ 'ਤੇ ਸੰਭਾਲ ਤੋਂ ਬਾਹਰ ਕਿਉਂ ਕੀਤਾ ਜਾਵੇਗਾ?

ਸਿਹਤ ਅਤੇ ਨਿਯੰਤਰਕ ਅਧਿਕਾਰੀ ਸਿਫਾਰਸ਼ ਕਰਦੇ ਹਨ, ਅਤੇ ਕੁੱਝ ਮਾਮਲਿਆਂ ਵਿੱਚ ਮੰਗ ਕਰਦੇ ਹਨ ਕਿ ਆਰੰਭਿਕ ਸਿੱਖਿਆ ਅਤੇ ਸੰਭਾਲ ਸੇਵਾਵਾਂ ਬਿਮਾਰ ਬੱਚਿਆਂ ਨੂੰ ਸੇਵਾ ਤੋਂ ਬਾਹਰ ਕਰ ਦੇਣ। ਸੇਵਾਵਾਂ, ਇੱਕ ਵਿਅਕਤੀ ਤੋਂ ਦੂਸਰੇ ਵਿੱਚ ਸੰਕ੍ਰਾਮਕ ਬਿਮਾਰੀਆਂ ਦੇ ਫੈਲਣ ਨੂੰ ਘਟਾ ਕੇ ਬਿਮਾਰੀ ਦੇ ਫੈਲਣ ਨੂੰ ਰੋਕਣ ਲਈ ਕੰਮ ਕਰਦੀਆਂ ਹਨ। ਉਹਨਾਂ ਕੋਲ ਆਮ ਤੌਰ 'ਤੇ ਬਿਮਾਰ ਬੱਚਿਆਂ ਨੂੰ ਬਾਹਰ ਕਰਨ ਦੀ ਨੀਤੀ ਹੋਵੇਗੀ ਜੋ ਪਰਿਵਾਰਾਂ ਦੁਆਰਾ ਪੜ੍ਹਨ ਲਈ ਉਪਲਬਧ ਹੁੰਦੀ ਹੈ। ਬਿਮਾਰੀਆਂ ਦੇ ਫੈਲਣ ਦੀ ਸੰਭਾਵਨਾ ਨੂੰ ਘਟਾਉਣ ਲਈ, ਸੇਵਾਵਾਂ ਵਿੱਚ ਹੱਥ ਧੋਣ, ਖਿਡੌਣਿਆਂ ਦੀ ਸਫਾਈ ਅਤੇ ਤਲਾਂ ਨੂੰ ਰੋਗਾਣੂ ਮੁਕਤ ਕਰਨ ਵਰਗੀ ਵਿਸ਼ੇਸ਼ ਸਾਫ਼-ਸਫ਼ਾਈ ਪ੍ਰਕਿਰਿਆਵਾਂ ਮੌਜੂਦ ਹੁੰਦੀਆਂ ਹਨ।

ਸੇਵਾ ਵਿੱਚੋਂ ਬੀਮਾਰ ਬੱਚਿਆਂ ਨੂੰ ਬਾਹਰ ਕਰਨ ਨਾਲ ਸਾਰੇ ਬੱਚਿਆਂ, ਕਰਮਚਾਰੀ ਅਤੇ ਪਰਿਵਾਰਾਂ ਨੂੰ ਫਾਇਦਾ ਹੁੰਦਾ ਹੈ। ਬਿਮਾਰ ਬੱਚਿਆਂ ਨੂੰ ਵਾਧੂ ਵਿਅਕਤੀਗਤ ਆਰਾਮ ਅਤੇ ਸੰਭਾਲ ਦੀ ਲੋੜ ਹੁੰਦੀ ਹੈ, ਜੋ ਕਿ ਬਾਲ ਸੰਭਾਲ ਦੇ ਮਾਹੌਲ ਵਿੱਚ ਪ੍ਰਦਾਨ ਕਰਨਾ ਮੁਸ਼ਕਲ ਹੁੰਦਾ ਹੈ। ਬਿਮਾਰ ਬੱਚੇ ਜਲਦੀ ਠੀਕ ਵੀ ਹੋ ਸਕਦੇ ਹਨ, ਜੇ ਉਹ ਆਰਾਮ ਕਰਦੇ ਹਨ ਅਤੇ ਘਰ ਵਿੱਚ ਉਨ੍ਹਾਂ ਦੀ ਸੰਭਾਲ ਕੀਤੀ ਜਾਂਦੀ ਹੈ, ਅਤੇ ਦੂਸਰੇ ਬੱਚਿਆਂ, ਪਰਿਵਾਰਾਂ ਅਤੇ ਕਰਮਚਾਰੀ ਵਿੱਚ ਸੰਕ੍ਰਮਣ ਫੈਲਣ ਦੀ ਸੰਭਾਵਨਾ ਘਟਣਾ ਯਕੀਨੀ ਹੁੰਦਾ ਹੈ।

StartingBlocks.gov.au

## ਮੈਂ ਆਪਣੇ ਬੱਚੇ ਨੂੰ ਸੇਵਾ ਵਿੱਚ ਬਿਮਾਰ ਹੋਣ ਤੋਂ ਕਿਵੇਂ ਬਚਾ ਸਕਦਾ/ਸਕਦੀ ਹਾਂ?

ਬਚਪਨ ਦੀ ਕੁੱਝ ਗੰਭੀਰ ਬਿਮਾਰੀਆਂ ਤੋਂ ਬਚਾਅ ਲਈ ਟੀਕਾਕਰਨ ਸੱਭ ਤੋਂ ਪ੍ਰਭਾਵੀ ਢੰਗ ਹੈ। ਕਈ ਸਿੱਖਿਆ ਅਤੇ ਸੰਭਾਲ ਸੇਵਾਵਾਂ ਵਿੱਚ ਦਾਖਲਾ ਲੈਣ ਲਈ ਬੱਚਿਆਂ ਦਾ ਪੂਰਾ ਟੀਕਾਕਰਣ ਲਾਜ਼ਮੀ ਹੁੰਦਾ ਹੈ - ਜਦੋਂ ਤੱਕ ਇਹ ਡਾਕਟਰੀ ਕਾਰਨਾਂ ਕਰਕੇ ਅਸੰਭਵ ਨਾ ਹੋਵੇ। ਜੇ ਬਾਲ ਸੰਭਾਲ ਸੇਵਾ ਵਿੱਚ ਟੀਕੇ ਤੋਂ ਠੀਕ ਹੋ ਸਕਣ ਯੋਗ ਬਿਮਾਰੀ ਪਾਈ ਜਾਂਦੀ ਹੈ, ਤਾਂ ਪਰਿਵਾਰਾਂ ਨੂੰ ਗੈਰ ਟੀਕਾਕਰਨ ਪ੍ਰਾਪਤ ਬੱਚਿਆਂ ਨੂੰ ਸੰਭਾਲ ਤੋਂ ਬਾਹਰ ਕਰਨ ਲਈ ਕਿਹਾ ਜਾਂਦਾ ਹੈ। ਇਸ ਨਾਲ ਗੈਰ-ਟੀਕਾਕਰਨ ਵਾਲੇ ਬੱਚੇ ਦੀ ਸੁਰੱਖਿਆ ਹੁੰਦੀ ਹੈ ਅਤੇ ਸੰਕ੍ਰਮਣ ਦੇ ਹੋਰ ਫੈਲਾਅ ਤੋਂ ਬਚਾਅ ਹੁੰਦਾ ਹੈ।

ਆਰੰਭਿਕ ਸਿੱਖਿਆ ਅਤੇ ਸੰਭਾਲ ਸੇਵਾਵਾਂ ਵਿੱਚ ਬੱਚਿਆਂ ਦੇ ਟੀਕਾਕਰਨ ਬਾਰੇ ਪਰਿਵਾਰਾਂ ਲਈ ਆਸਾਨੀ ਨਾਲ ਉਪਲਬਧ ਜਾਣਕਾਰੀ ਮੌਜੂਦ ਹੋਣੀ ਚਾਹੀਦੀ ਹੈ। ਪਰਿਵਾਰ ਆਪਣੇ ਸਥਾਨਕ ਡਾਕਟਰ ਨਾਲ ਵੀ ਸੰਪਰਕ ਕਰ ਸਕਦੇ ਹੋ ਆਸਟਰੇਲੀਆਈ ਸਰਕਾਰ ਦੇ ਕੌਮੀ ਟੀਕਾਕਰਨ ਆਸਟਰੇਲੀਆ ਪ੍ਰੋਗਰਾਮ (Australian Government's National Immunisation Program) ਬਾਰੇ www.health.gov.au/health-topics/immunisation/immunisation-throughout-life/immunisation-for-children 'ਤੇ ਜਾ ਕੇ ਹੋਰ ਪਤਾ ਕਰ ਸਕਦੇ ਹਨ।

## ਮੈਨੂੰ ਇਹ ਕਿਵੇਂ ਪਤਾ ਲੱਗੇਗਾ ਕਿ ਮੇਰਾ ਬੱਚਾ ਠੀਕ ਨਹੀਂ ਹੈ?

ਕਿਸੇ ਬੱਚੇ ਨੂੰ ਆਰੰਭਿਕ ਸਿੱਖਿਆ ਅਤੇ ਸੰਭਾਲ ਸੇਵਾ ਵਿੱਚ ਸ਼ਾਮਲ ਨਹੀਂ ਹੋਣਾ ਚਾਹੀਦਾ ਹੈ ਜੇ ਉਨ੍ਹਾਂ ਨੂੰ ਕੋਈ ਸੰਕ੍ਰਾਮਕ ਬਿਮਾਰੀ ਹੈ। ਇੱਕ ਸਧਾਰਣ ਨਿਯਮ ਦੇ ਤੌਰ 'ਤੇ ਬੱਚਿਆਂ ਨੂੰ ਸੰਭਾਲ ਵਿੱਚ ਉਦੋਂ ਵੀ ਸ਼ਾਮਲ ਨਹੀਂ ਹੋਣਾ ਚਾਹੀਦਾ ਹੈ ਜੇ ਉਨ੍ਹਾਂ ਨੂੰ ਕੋਈ ਅਜਿਹੀ ਬਿਮਾਰੀ ਹੈ, ਜੋ ਉਨ੍ਹਾਂ ਨੂੰ ਸੇਵਾ ਦੀ ਗਤੀਵਿਧੀਆਂ ਵਿੱਚ ਆਰਾਮ ਨਾਲ ਹਿੱਸਾ ਲੈਣ ਤੋਂ ਰੋਕਦੀ ਹੈ।

ਕਈ ਵਾਰ ਬੱਚਿਆਂ ਨੂੰ ਲੰਬੇ ਸਮੇਂ ਤੱਕ ਜਾਰੀ ਡਾਕਟਰੀ ਲੋੜਾਂ ਹੁੰਦੀਆਂ ਹਨ, ਜਿਨ੍ਹਾਂ ਦੀ ਸੇਵਾ ਵਿੱਚ ਸੰਭਾਲ ਜ਼ਰੂਰੀ ਹੁੰਦੀ ਹੈ ਜਿਵੇਂ ਕਿ ਦਮਾ ਜਾਂ ਐਨਾਫਾਈਲੈਕਸਿਸ। ਇਨ੍ਹਾਂ ਸਥਿਤੀਆਂ ਵਿੱਚ, ਸੇਵਾਵਾਂ ਆਮ ਤੌਰ 'ਤੇ ਪਰਿਵਾਰ ਨਾਲ ਸਲਾਹ ਅਨੁਸਾਰ, ਦਾਖਲੇ ਦੇ ਸਮੇਂ ਬੱਚੇ ਦੀ ਆਮ ਸਿਹਤ ਅਤੇ ਵਿਵਹਾਰਕ ਸਥਿਤੀ ਨੂੰ ਦਸਤਾਵੇਜ਼ ਵਿੱਚ ਦਰਜ ਕਰਦੀਆਂ ਹਨ। ਇਸ ਨਾਲ ਕਰਮਚਾਰੀ ਨੂੰ ਸਿਹਤ ਸਬੰਧੀ ਵਾਧੂ ਲੋੜਾਂ ਵਾਲੇ ਬੱਚਿਆਂ ਲਈ 'ਸਧਾਰਣ' ਸਿਹਤ ਅਤੇ ਵਤੀਰੇ ਬਾਰੇ ਜਾਣਨ ਵਿੱਚ ਮਦਦ ਮਿਲਦੀ ਹੈ।

## ਜੇ ਮੇਰਾ ਬੱਚਾ ਸੇਵਾ ਵਿੱਚ ਬੀਮਾਰ ਹੋ ਜਾਂਦਾ ਹੈ ਤਾਂ ਕਿ ਹੁੰਦਾ ਹੈ?

ਆਰੰਭਿਕ ਸਿੱਖਿਆ ਅਤੇ ਸੰਭਾਲ ਸੇਵਾ ਦੇ ਕਰਮਚਾਰੀ ਡਾਕਟਰੀ ਪੇਸ਼ੇਵਰ ਨਹੀਂ ਹੁੰਦੇ ਹਨ, ਅਤੇ ਇਹ ਪਤਾ ਨਹੀਂ ਲਗਾ ਸਕਦੇ ਹਨ ਕਿ ਬੱਚੇ ਨੂੰ ਕੋਈ ਸੰਕ੍ਰਾਮਕ ਬਿਮਾਰੀ ਹੈ ਜਾਂ ਨਹੀਂ। ਹਾਲਾਂਕਿ, ਜੇ ਕਿਸੇ ਸੰਕ੍ਰਾਮਕ ਬਿਮਾਰੀ ਦਾ ਸ਼ੱਕ ਹੁੰਦਾ ਹੈ, ਤਾਂ ਸੇਵਾ ਪਰਿਵਾਰ ਨੂੰ ਆਪਣੇ ਬੱਚੇ ਨੂੰ ਜਲਦ ਤੋਂ ਜਲਦ ਲੈ ਜਾਣ ਜਾਂ ਇੱਥੇ ਨਾ ਲਿਆਉਣ ਲਈ ਕਹਿ ਸਕਦੀ ਹੈ। ਕਈ ਵਾਰ ਸੇਵਾ ਬੱਚੇ ਨੂੰ ਸੇਵਾ ਵਿੱਚ ਵਾਪਸ ਆਉਣ ਦੀ ਇਜਾਜ਼ਤ ਦੇਣ ਤੋਂ ਪਹਿਲਾਂ ਪਰਿਵਾਰ ਨੂੰ ਡਾਕਟਰੀ ਸਲਾਹ ਲੈਣ ਅਤੇ ਡਾਕਟਰੀ ਸਰਟੀਫਿਕੇਟ ਪ੍ਰਾਪਤ ਕਰਨ ਲਈ ਕਹੇਗੀ, ਜੋ ਕਿ ਬੱਚੇ ਦੇ ਸੰਕ੍ਰਮਿਤ ਨਾ ਹੋਣ ਦੀ ਪੁਸ਼ਟੀ ਕਰਦਾ ਹੈ।

## ਜੇ ਮੇਰੇ ਬੱਚੇ ਨੂੰ ਦਵਾਈਆਂ ਦੀ ਲੋੜ ਹੋਵੇ ਤਾਂ ਕੀ ਹੁੰਦਾ ਹੈ?

ਕੁੱਝ ਬੱਚਿਆਂ ਨੂੰ ਦਮੇ ਵਰਗੀ ਬਿਮਾਰੀ ਜਾਂ ਸਥਿਤੀ ਦੇ ਇਲਾਜ ਲਈ ਲਗਾਤਾਰ ਦਵਾਈ ਲੈਣੀ ਪੈਂਦੀ ਹੈ। ਜਦੋਂ ਬੱਚੇ ਬੀਮਾਰ ਹੁੰਦੇ ਹਨ ਤਾਂ ਉਨ੍ਹਾਂ ਨੂੰ ਲੱਛਣਾਂ ਨੂੰ ਦੂਰ ਕਰਨ ਜਾਂ ਸਿਹਤਯਾਬੀ ਨੂੰ ਵਾਪਸ ਉਤਸ਼ਾਹਤ ਕਰਨ ਵਿੱਚ ਮਦਦ ਲਈ ਵੀ ਦਵਾਈ ਦੀ ਲੋੜ ਹੋ ਸਕਦੀ ਹੈ। ਕਈ ਵਾਰੀ ਕਾਊਂਟਰ ਤੋਂ ਮਿਲਣ ਵਾਲੀ ਦਵਾਈਆਂ ਜਿਵੇਂ ਕਿ ਪੈਰਾਸੀਟਾਮੋਲ ਕਿਸੇ ਸੰਕ੍ਰਾਮਕ ਬਿਮਾਰੀ ਦੇ ਲੱਛਣਾਂ ਨੂੰ ਛਿਪਾ ਸਕਦੀਆਂ ਹਨ; ਹਾਲਾਂਕਿ ਸੰਕ੍ਰਾਮਕ ਬਿਮਾਰੀ ਵਾਲੇ ਬੱਚਿਆਂ ਨੂੰ ਡਾਕਟਰੀ ਸੰਭਾਲ ਅਤੇ ਵਾਧੂ ਸੰਭਾਲ ਦੀ ਲੋੜ ਹੋ ਸਕਦੀ ਹੈ, ਅਤੇ ਉਨ੍ਹਾਂ ਨੂੰ ਸੇਵਾ ਵਿੱਚ ਦਾਖਲ ਨਹੀਂ ਹੋਣਾ ਚਾਹੀਦਾ ਹੈ। ਸੇਵਾ ਵਿੱਚ ਦਵਾਈਆਂ ਦੇਣ ਦੀ ਨੀਤੀ ਬਾਰੇ ਅਤੇ ਤੁਹਾਡੇ ਬੱਚੇ ਦੀ ਮੈਡੀਕਲ ਲੋੜਾਂ ਬਾਰੇ ਕਰਮਚਾਰੀਆਂ ਨਾਲ ਗੱਲ ਕਰਨਾ ਜ਼ਰੂਰੀ ਹੁੰਦਾ ਹੈ। ਇਸ ਗੱਲ 'ਤੇ ਧਿਆਨ ਦੇਣਾ ਵੀ ਜ਼ਰੂਰੀ ਹੈ ਕਿ ਕਈ ਸੇਵਾਵਾਂ ਦੀ ਇਹ ਨੀਤੀ ਹੁੰਦੀ ਹੈ ਕਿ ਡਾਕਟਰ ਦੀਆਂ ਹਿਦਾਇਤਾਂ ਤੋਂ ਬਿਨ੍ਹਾਂ, ਪੈਰਾਸੀਟਾਮੋਲ ਵਰਗੀਆਂ ਕਾਊਂਟਰ ਤੋਂ ਮਿਲਣ ਵਾਲੀ ਦਵਾਈਆਂ ਨਾ ਦਿੱਤੀਆਂ ਜਾਣ।